Leicestershire Partnership
NHS Trust
Room 100/110 Pen Lloyd Building
County Hall
Leicester Road
Glenfield
Leicestershire
LE3 8RA

Tel: 0116 225 6000
www.leicspart.nhs.uk

ਟੈਲੀਫੋਨ: 0300 3000 007
ਈਮੇਲ: lpt.sais@nhs.net

ਪਿਆਰੇ ਮਾਤਾ/ਪਿਤਾ/ਦੇਖਭਾਲਕਰਤਾ ਅਤੇ ਕਿਸ਼ੋਰ,

**ਵੱਖ-ਵੱਖ ਕੈਂਸਰਾਂ ਤੋਂ ਬਚਾਉਣ ਲਈ ਹਿਊਮਨ ਪੈਪੀਲੋਮਾਵਾਇਰਸ (HPV) ਟੀਕਾਕਰਨ**

ਅਸੀਂ ਸਕੂਲੀ ਸਾਲ 8 (12 ਤੋਂ 13 ਸਾਲ ਦੀ ਉਮਰ) ਦੇ ਸਾਰੇ ਨੌਜਵਾਨਾਂ ਨੂੰ ਮਹੱਤਵਪੂਰਨ ਵੈਕਸੀਨੇਸ਼ਨ ਲੈਣ ਦਾ ਮੌਕਾ ਦੇ ਰਹੇ ਹਾਂ ਜੋ ਹਿਊਮਨ ਪੈਪੀਲੋਮਾਵਾਇਰਸ (HPV) ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਇਹ ਇੱਕ ਆਮ ਵਾਇਰਸ ਹੈ ਜੋ ਮਰਦਾਂ ਅਤੇ ਔਰਤਾਂ ਵਿੱਚ ਕੁਝ ਕੈਂਸਰ ਹੋਣ ਦੇ ਜੋਖਮ ਨੂੰ ਵਧਾਉਂਦਾ ਹੈ। HPV ਵਾਇਰਸ ਕਾਰਨ ਹੋਣ ਵਾਲੇ ਕੈਂਸਰਾਂ ਵਿੱਚ ਸਰਵੀਕਲ ਕੈਂਸਰ, ਕੁਝ ਮੂੰਹ ਅਤੇ ਗਲੇ ਦੇ ਕੈਂਸਰ, ਨਾਲ ਹੀ ਗੁਦਾ ਅਤੇ ਜਣਨ ਖੇਤਰ ਦੇ ਕੁਝ ਕੈਂਸਰ ਸ਼ਾਮਲ ਹਨ।

HPV ਦੀ ਲਾਗ ਬਹੁਤ ਆਮ ਹੈ ਅਤੇ 70% ਤੋਂ ਵੱਧ ਵੈਕਸੀਨੇਸ਼ਨ ਨਾ ਕਰਵਾਏ ਲੋਕਾਂ ਨੂੰ ਇਹ ਹੋਵੇਗੀ। HPV ਚਮੜੀ ਤੋਂ ਚਮੜੀ ਦੇ ਸੰਪਰਕ ਰਾਹੀਂ ਫੈਲਦਾ ਹੈ। HPV ਦੀਆਂ ਬਹੁਤ ਸਾਰੀਆਂ ਵੱਖ-ਵੱਖ ਕਿਸਮਾਂ ਹਨ; ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੁਕਸਾਨ ਰਹਿਤ ਹਨ, ਪਰ ਕੁਝ ਸਾਫ਼ ਨਹੀਂ ਹੁੰਦੇ ਹਨ ਅਤੇ ਕੈਂਸਰ ਦਾ ਕਾਰਨ ਬਣ ਸਕਦੇ ਹਨ ਜਾਂ ਜਣਨ ਅੰਗਾਂ ਦੇ ਫੋੜਿਆਂ ਦਾ ਕਾਰਨ ਬਣ ਸਕਦੇ ਹਨ।

HPV ਵੈਕਸੀਨ ਮੁਫ਼ਤ, ਸੁਰੱਖਿਅਤ ਅਤੇ ਪ੍ਰਭਾਵੀ ਹੈ। ਜਦੋਂ ਤੋਂ ਵੈਕਸੀਨ ਦੀ ਵਰਤੋਂ ਕੀਤੀ ਗਈ ਹੈ, HPV ਨਾਲ ਜੁੜੀਆਂ ਸਮੱਸਿਆਵਾਂ ਹੋਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ ਅਤੇ ਖੋਜ ਤੋਂ ਪਤਾ ਲੱਗਦਾ ਹੈ ਕਿ ਇਸ ਛੋਟੀ ਉਮਰ ਤੋਂ HPV ਵੈਕਸੀਨ ਦੇਣ ਨਾਲ ਯੂਕੇ ਵਿੱਚ ਹਜ਼ਾਰਾਂ ਜਾਨਾਂ ਬਚਾਉਣ ਵਿੱਚ ਮਦਦ ਮਿਲੇਗੀ। ਭਵਿੱਖ ਵਿੱਚ HPV-ਸੰਬੰਧੀ ਕੈਂਸਰਾਂ ਤੋਂ ਸੁਰੱਖਿਅਤ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਹੈ ਸਕੂਲ ਵਿੱਚ ਵੈਕਸੀਨ ਲਗਵਾਉਣਾ। ਇਹ ਉੱਪਰਲੀ ਬਾਂਹ ਵਿੱਚ ਤੇਜ਼ੀ ਨਾਲ ਦਿੱਤੀ ਜਾਂਦੀ ਹੈ, ਅਤੇ ਸਿਰਫ ਇੱਕ ਖੁਰਾਕ ਦੇਣ ਦੀ ਲੋੜ ਹੁੰਦੀ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਇਹਨਾਂ ਵੈਕਸੀਨਾਂ ਵਿੱਚ ਕੋਈ ਜੈਲੇਟਿਨ ਜਾਂ ਅਲਕੋਹਲ ਨਹੀਂ ਹੁੰਦਾ ਹੈ। ਹੋਰ ਜਾਣਕਾਰੀ ਲੈਣ ਲਈ, ਇਸ ਵੈੱਬਸਾਈਟ 'ਤੇ ਜਾਓ: tiny.cc/hpvleaflet

## ਸਹਿਮਤੀ ਪ੍ਰਕਿਰਿਆ ਬਾਰੇ ਮਹੱਤਵਪੂਰਨ ਤਬਦੀਲੀਆਂ: ਕਿਸ਼ੋਰ ਹੁਣ ਵੈਕਸੀਨਾਂ ਲਈ ਸਹਿਮਤੀ ਦੇ ਸਕਦੇ ਹਨ।

ਜੇ ਸਾਨੂੰ ਵੈਕਸੀਨੇਸ਼ਨਾਂ ਲਈ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਦੀ ਸਹਿਮਤੀ ਨਹੀਂ ਮਿਲਦੀ ਹੈ, ਤਾਂ ਹੇਠਾਂ ਦਿੱਤੀ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ, ਅਸੀਂ ਉਸ ਦਿਨ ਕਿਸ਼ੋਰ ਨੂੰ ਵੈਕਸੀਨੇਸ਼ਨ ਵਾਸਤੇ ਸਵੈ-ਸਹਿਮਤੀ ਦੇਣ ਦੀ ਇਜਾਜ਼ਤ ਦੇ ਸਕਦੇ ਹਾਂ। ਅਸੀਂ ਇਹ ਮੌਕਾ ਸਿਰਫ ਸਾਲ 8 ਅਤੇ ਇਸ ਤੋਂ ਵੱਧ ਉਮਰ ਦੇ ਕਿਸ਼ੋਰਾਂ ਨੂੰ ਹੀ ਦੇਵਾਂਗੇ, ਜਿਨ੍ਹਾਂ ਨੇ ਵੈਕਸੀਨੇਸ਼ਨ

ਬਾਰੇ ਢੁਕਵੀਂ ਜਾਣਕਾਰੀ ਪੜ੍ਹ ਲਈ ਹੈ ਅਤੇ ਜਿਨ੍ਹਾਂ ਦਾ ਇੱਕ ਸਿਹਤ ਪੇਸ਼ੇਵਰ ਦੁਆਰਾ, ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਿ ਇਸ ਵਿੱਚ ਕੀ ਸ਼ਾਮਲ ਹੈ, ਲੋੜੀਂਦੀ ਸਮਝ ਹੋਣ ਦਾ ਮੁਲਾਂਕਣ ਕੀਤਾ ਗਿਆ ਹੈ। ਸਿਰਫ ਉਹਨਾਂ ਨੂੰ ਹੀ ਇਹ ਟੀਕਾਕਰਨ ਦਿੱਤਾ ਜਾਵੇਗਾ ਜੋ ਇਸ ਨੂੰ ਪ੍ਰਾਪਤ ਕਰਨ ਵਿੱਚ ਸਪਸ਼ਟ ਤੌਰ 'ਤੇ ਆਰਾਮਦੇਹ ਹਨ।

ਜੇਕਰ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲਿਆਂ ਨੇ ਜਵਾਬ ਦਿੱਤਾ ਹੈ ਅਤੇ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਤਾਂ ਕਿਸ਼ੋਰ ਦੁਆਰਾ ਇਸ ਫੈਸਲੇ ਨੂੰ ਬਦਲਿਆ ਨਹੀਂ ਜਾ ਸਕਦਾ ਹੈ, ਅਤੇ ਅਸੀਂ ਵੈਕਸੀਨ ਨਹੀਂ ਦੇਵਾਂਗੇ। ਹਮੇਸ਼ਾ ਵਾਂਗ, ਅਸੀਂ ਕਿਸ਼ੋਰਾਂ ਅਤੇ ਉਹਨਾਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਪੇਸ਼ ਕੀਤੀ ਜਾ ਰਹੀ ਵੈਕਸੀਨ ਬਾਰੇ ਗੱਲਬਾਤ ਕਰਨ ਅਤੇ ਇਕੱਠੇ ਮਿਲ ਕੇ ਫਾਰਮ ਭਰਨ ਲਈ ਉਤਸ਼ਾਹਿਤ ਕਰਦੇ ਹਾਂ।

ਸਹਿਮਤੀ ਬਾਰੇ ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ: www.leicspart.nhs.uk/service/schoolagedimms ਜਾਂ ਤੁਸੀਂ ਇਹ ਵੀਡੀਓ ਹੇਠਾਂ ਦੇਖ ਸਕਦੇ ਹੋ:




**ਵੈਕਸੀਨਾਂ ਅਤੇ ਸਹਿਮਤੀ ਨੂੰ ਸਮਝਣਾ**

tiny.cc/vaccinationsandconsent




**ਸਾਡੀ ਕਲੀਨਿਕਲ ਲੀਡ ਸਵੈ-ਸਹਿਮਤੀ ਦੀ ਵਿਆਖਿਆ ਕਰਦੀ ਹੈ**

tiny.cc/selfconsent

ਜੇ ਤੁਸੀਂ ਨਹੀਂ ਚਾਹੁੰਦੇ ਕਿ ਕਿਸ਼ੋਰ ਨੂੰ ਵੈਕਸੀਨ ਦਿੱਤੀ ਜਾਵੇ ਤਾਂ ਵੀ ਤੁਸੀਂ ਸਾਨੂੰ ਦੱਸ ਸਕਦੇ ਹੋ।

## ਵੈਕਸੀਨੇਸ਼ਨ ਲਈ ਆਪਣੀ ਸਹਿਮਤੀ ਦਾ ਫੈਸਲਾ ਕਿਵੇਂ ਦੇਣਾ ਹੈ

- ਆਪਣੇ ਸਕੂਲ ਲਈ ਕੋਡ ਨੂੰ ਨੋਟ ਕਰੋ। **[School name]** ਲਈ ਸਕੂਲ ਕੋਡ **[School Code]** ਹੈ
- **www.leicsandrutlandimms.co.uk** 'ਤੇ ਜਾਓ ਜਾਂ ਸਿੱਧਾ ਵੈੱਬਸਾਈਟ 'ਤੇ ਜਾਣ ਲਈ ਆਪਣੇ ਸਮਾਰਟਫੋਨ ਕੈਮਰੇ ਦੀ ਵਰਤੋਂ ਕਰਦੇ ਹੋਏ QR ਕੋਡ ਨੂੰ ਸਕੈਨ ਕਰੋ।
- **Human Papillomavirus (HPV)** ਚੁਣੋ ਅਤੇ ਸਕੂਲ ਕੋਡ ਦਾਖਲ ਕਰੋ।
- ਸਹਿਮਤੀ ਦੇ ਫੈਸਲੇ ਪੰਨੇ 'ਤੇ, ਕਿਰਪਾ ਕਰਕੇ ਇਹ ਚੁਣੋ:
  - ਮੈਂ ਚਾਹੁੰਦਾ ਹਾਂ ਕਿ ਕਿਸ਼ੋਰ ਨੂੰ ਵੈਕਸੀਨ ਦਿੱਤੀ ਜਾਵੇ।
  - ਮੈਂ ਨਹੀਂ ਚਾਹੁੰਦਾ/ਚਾਹੁੰਦੀ ਕਿ ਕਿਸ਼ੋਰ ਨੂੰ ਵੈਕਸੀਨ ਦਿੱਤੀ ਜਾਵੇ।
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।

ਜੇ ਤੁਸੀਂ ਔਨਲਾਈਨ ਫਾਰਮ ਨਹੀਂ ਭਰ ਸਕਦੇ ਹੋ, ਤਾਂ ਕਿਰਪਾ ਕਰਕੇ ਸਾਨੂੰ **0300 3000 007** 'ਤੇ ਕਾਲ ਕਰੋ ਜਾਂ ਆਪਣੇ ਸੰਪਰਕ ਵੇਰਵਿਆਂ ਦੇ ਨਾਲ **lpt.sais@nhs.net** 'ਤੇ ਈਮੇਲ ਕਰੋ। ਜੇਕਰ ਤੁਸੀਂ ਆਪਣੀ ਸਹਿਮਤੀ ਦੇ ਫੈਸਲੇ ਬਾਰੇ ਆਪਣਾ ਮਨ ਬਦਲਦੇ ਹੋ ਤਾਂ ਕਿਰਪਾ ਕਰਕੇ ਇਸਨੂੰ ਬਦਲਣ ਲਈ ਉੱਪਰ ਦਿੱਤੇ ਨੰਬਰ 'ਤੇ ਸਾਨੂੰ ਕਾਲ ਕਰੋ।

ਤੁਹਾਡਾ ਸਕੂਲ ਤੁਹਾਨੂੰ ਦੱਸੇਗਾ ਕਿ ਵੈਕਸੀਨੇਸ਼ਨ ਸੈਸ਼ਨ ਕਦੋਂ ਹੋਵੇਗਾ। **ਸਹਿਮਤੀ ਪ੍ਰਣਾਲੀ ਵੈਕਸੀਨੇਸ਼ਨ ਸੈਸ਼ਨ ਤੋਂ ਇੱਕ ਕੰਮਕਾਜੀ ਦਿਨ ਪਹਿਲਾਂ ਬੰਦ ਹੋ ਜਾਵੇਗੀ।** ਤੁਸੀਂ ਉਸੇ ਦਿਨ ਸਹਿਮਤੀ ਫਾਰਮ ਜਮ੍ਹਾਂ ਨਹੀਂ ਕਰ ਸਕੋਗੇ।

ਤਹਿ ਦਿਲੋਂ,

ਸਕੂਲੀ ਉਮਰ ਲਈ ਟੀਕਾਕਰਨ ਸੇਵਾ

# HPV ਵੈਕਸੀਨ ਕਿਵੇਂ ਕੰਮ ਕਰਦੀ ਹੈ?

## ਵੈਕਸੀਨ ਦੇ ਬਿਨਾਂ

ਕੈਂਸਰ ਹੋ ਸਕਦਾ ਹੈ



ਹਿਊਮਨ ਪੈਪੀਲੋਮਾ ਵਾਇਰਸ (HPV) [illegible]

HPV ਦੀ ਲਾਗ ਤੋਂ ਰੱਖਿਆ ਕਰਕੇ, ਅਸੀਂ ਸੈੱਲਾਂ ਵਿੱਚ ਤਬਦੀਲੀਆਂ ਨੂੰ ਰੋਕਣ ਅਤੇ ਕੈਂਸਰ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਾਂ।

HPV ਦੀਆਂ ਉੱਚ-ਜੋਖਮ ਵਾਲੀਆਂ ਕਿਸਮਾਂ DNA ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ

ਮਿਲ ਕੇ CANCER RESEARCH UK

ਇਹ ਸੈੱਲਾਂ ਦੇ ਵੰਡੇ ਜਾਣ ਅਤੇ ਕੰਟਰੋਲ ਤੋਂ ਬਾਹਰ ਹੋ ਕੇ ਵਧਣ ਦਾ ਕਾਰਨ ਬਣ ਸਕਦਾ ਹੈ

ਇਸ ਦੇ ਨਤੀਜੇ ਵਜੋਂ

## ਵੈਕਸੀਨ ਦੇ ਨਾਲ

ਵੈਕਸੀਨੇਸ਼ਨ ਉੱਚ-ਜੋਖਮ ਵਾਲੇ HPV ਦੀਆਂ ਮੁੱਖ ਕਿਸਮਾਂ - HPV16 ਅਤੇ HPV18 ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।




ਵਿਅਕਤੀ HPV 16/18 ਨਾਲ ਸੰਕਰਮਿਤ ਨਹੀਂ ਹੈ



ਸੈੱਲਾਂ ਨੂੰ ਨੁਕਸਾਨ ਪਹੁੰਚਣ ਦੀ ਘੱਟ ਸੰਭਾਵਨਾ


ਸਾਨੂੰ ਕੈਂਸਰ ਦੇ ਘੱਟ ਮਾਮਲੇ ਮਿਲਣਗੇ

| **ਅਕਸਰ ਪੁੱਛੇ ਜਾਂਦੇ ਸਵਾਲ** | |
|---|---|
| ਕਿਹੜੀ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ? | HPV ਲਈ ਵੈਕਸੀਨ Gardasil9 ਹੈ।<br>ਇਹਨਾਂ ਵੈਕਸੀਨਾਂ ਵਿੱਚ ਕੋਈ **ਜੈਲੇਟਿਨ ਜਾਂ ਅਲਕੋਹਲ ਨਹੀਂ ਹੁੰਦਾ ਹੈ।** |
| ਇਹ ਇਸ ਵੇਲੇ ਕਿਉਂ ਪੇਸ਼ ਕੀਤੀ ਜਾ ਰਹੀ ਹੈ? | HPV ਵੈਕਸੀਨ ਲੈਣ ਦਾ ਸਭ ਤੋਂ ਵਧੀਆ ਸਮਾਂ ਕਿਸੇ ਨੌਜਵਾਨ ਦੇ ਜਿਨਸੀ ਤੌਰ 'ਤੇ ਸਰਗਰਮ ਹੋਣ ਤੋਂ ਪਹਿਲਾਂ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਵੈਕਸੀਨ ਉਹਨਾਂ ਦੇ ਜੀਵਨ ਭਰ ਲਈ ਸਭ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਦਾਨ ਕਰੇਗੀ। ਭਾਵੇਂ ਕੋਈ ਨੌਜਵਾਨ ਜਿਨਸੀ ਤੌਰ 'ਤੇ ਸਰਗਰਮ ਹੈ, ਫਿਰ ਵੀ ਇਹ ਜ਼ੋਰਦਾਰ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਉਹ ਵੈਕਸੀਨ ਲਵੇ। |
| ਮਾੜੇ ਪ੍ਰਭਾਵ ਕੀ ਹਨ? | ਸਾਰੀਆਂ ਦਵਾਈਆਂ ਦੀ ਤਰ੍ਹਾਂ, ਇਸ ਵੈਕਸੀਨ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ, ਹਾਲਾਂਕਿ ਇਹ ਹਰ ਇੱਕ ਵਿਅਕਤੀ ਨੂੰ ਨਹੀਂ ਹੁੰਦੇ ਹਨ। ਕਿਸ਼ੋਰਾਂ ਵਿੱਚ ਟੀਕੇ ਵਾਲੀ ਥਾਂ 'ਤੇ ਥੋੜ੍ਹੀ ਜਿਹੀ ਲਾਲੀ ਪੈਦਾ ਹੋ ਸਕਦੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਵੈਕਸੀਨ ਦੇ ਉਤਪਾਦ ਪਰਚੇ ਪੜ੍ਹੋ। |
| ਮੈਂ ਵੈਕਸੀਨ ਉਤਪਾਦ ਬਾਰੇ ਪਰਚਾ ਕਿੱਥੇ ਪੜ੍ਹ ਸਕਦਾ/ਸਕਦੀ ਹਾਂ? | ਇਸ ਵੈੱਬਸਾਈਟ 'ਤੇ ਜਾਓ: tiny.cc/hpvpil |
| ਕੀ ਮੈਨੂੰ ਇਹ ਜਾਣਕਾਰੀ ਵੀਡੀਓ ਫਾਰਮੈਟ ਵਿੱਚ ਮਿਲ ਸਕਦੀ ਹੈ? | ਸਾਡੀਆਂ ਨਰਸਾਂ ਵਿੱਚੋਂ ਇੱਕ ਨੂੰ ਵੈਕਸੀਨੇਸ਼ਨ ਬਾਰੇ ਗੱਲ ਕਰਦੇ ਹੋਏ ਸੁਣੋ: tiny.cc/hpvinfo<br> |
| ਕਿਸ਼ੋਰ ਵੈਕਸੀਨੇਸ਼ਨ ਦੀ ਤਿਆਰੀ ਕਿਵੇਂ ਕਰ ਸਕਦੇ ਹਨ? | HPV ਵੈਕਸੀਨ ਲਈ ਸਾਡਾ ਐਨੀਮੇਸ਼ਨ ਦੇਖੋ: tiny.cc/HPVanimation<br> |
| ਕਿਸ਼ੋਰ ਸੂਈਆਂ ਤੋਂ ਡਰਦਾ ਹੈ, ਕੀ ਕੋਈ ਸਹਾਇਤਾ ਉਪਲਬਧ ਹੈ? | ਤੁਸੀਂ ਇਸ ਜਾਣਕਾਰੀ ਨੂੰ ਆਪਣੇ ਸਹਿਮਤੀ ਫਾਰਮ ਵਿੱਚ ਸ਼ਾਮਲ ਕਰ ਸਕਦੇ ਹੋ ਅਤੇ ਸਾਡੀ ਟੀਮ ਸਹਾਇਤਾ ਕਰਨ ਲਈ ਬਿਹਤਰੀਨ ਕੋਸ਼ਿਸ਼ ਕਰੇਗੀ।<br>ਇਹ ਵੀਡੀਓ ਕਿਸ਼ੋਰਾਂ ਨੂੰ ਉਹਨਾਂ ਦੇ ਵੈਕਸੀਨੇਸ਼ਨ ਅਨੁਭਵ ਬਾਰੇ ਭਰੋਸਾ ਦਿਵਾਉਣ ਵਿੱਚ ਮਦਦ ਕਰ ਸਕਦਾ ਹੈ: tiny.cc/reassurance – ਇਹ ਵੀਡੀਓ ਵੀ ਹੈ: tiny.cc/toptipsforvaccinations |
| ਇਹ ਕਹਿੰਦਾ ਹੈ ਕਿ ਈਮੇਲ ਪਤੇ ਮੇਲ ਨਹੀਂ ਖਾਂਦੇ ਜਾਂ ਇਹ ਸਕੂਲ ਕੋਡ ਨੂੰ ਨਹੀਂ ਪਛਾਣਦਾ। | ਯਕੀਨੀ ਬਣਾਓ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੋਈ ਖਾਲੀ ਥਾਂ ਜਾਂ ਵਿਰਾਮ ਚਿੰਨ੍ਹ ਨਹੀਂ ਹਨ। |

| | |
|---|---|
| ਜੇ ਕਿਸ਼ੋਰ ਸੈਸ਼ਨ ਵਾਲੇ ਦਿਨ ਗੈਰਹਾਜ਼ਰ ਜਾਂ ਬਿਮਾਰ ਹੋਵੇ ਤਾਂ ਕੀ ਹੋਵੇਗਾ? | ਵੈਕਸੀਨੇਸ਼ਨ ਲਈ ਇੱਕ ਵਾਧੂ ਮੌਕਾ ਉਪਲਬਧ ਕਰਵਾਇਆ ਜਾਵੇਗਾ। |
| ਰਾਸ਼ਟਰੀ ਵੈਕਸੀਨੇਸ਼ਨ ਪ੍ਰੋਗਰਾਮ ਕੀ ਹੈ? | ਹੋਰ ਜਾਣਕਾਰੀ ਲਈ www.nhs.uk/conditions/vaccinations 'ਤੇ ਜਾਓ। |

**ਤੁਸੀਂ ਵੈਕਸੀਨੇਸ਼ਨ ਦੀ ਪੇਸ਼ਕਸ਼ ਬਾਰੇ ਇਹਨਾਂ ਭਾਸ਼ਾਵਾਂ ਵਿੱਚ ਵੀ ਜਾਣ ਸਕਦੇ ਹੋ:**

tiny.cc/hpvinfotranslations





**ਜੇ ਤੁਸੀਂ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ 'ਤੇ ਜਾਓ:**
**www.leicspart.nhs.uk/service/schoolagedimms**

| | |
|---|---|
| ਅਰਬੀ | ذا كنت ترغب في قراءة هذه الرسالة بلغة أخرى، قم بزيارة موقعنا على الإنترنت |
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઇટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں۔ |
| ਯੂਕ੍ਰੇਨਿਆਈ | Якщо ви хотіли б прочитати цей лист іншою мовою, відвідайте |

ਟ੍ਰਸਟ ਦਾ ਹੈੱਡਕੁਆਰਟਰ: Bridge Park Plaza, Bridge Park Road, Thurmaston, Leicester. LE4 8PQ
ਮੁਖੀ: ਕ੍ਰਿਸ਼ਨੀ ਵਾਰਿੰਗ (Crishni Waring) ਚੀਫ ਐਕਜ਼ੀਕਿਉਟਿਵ: ਏਂਜਲਾ ਹਿੱਲੇਰੀ (Angela Hillery)
ਅਸੀਂ ਧੂੰਆਂ ਮੁਕਤ ਟ੍ਰਸਟ ਹਾਂ।
ਸਾਡਾ ਪਰਦੇਦਾਰੀ ਨੋਟਿਸ ਦੇਖੋ: www.leicspart.nhs.uk/_Aboutus-Whatwedowithyourinformationprivacynotice.aspx